"ਬ੍ਰਹਮਾ ਬਾਪ ਦੇ ਹੋਰ ਦੀ ਕਦਮ- ਫ਼ਰਮਾਨਬਦਾਰ - ਵਫਾਦਾਰ"

ਅੱਜ ਬਾਪਦਾਦਾ ਚਾਰੋਂ ਪਾਸੇ ਦੇ ਸਨੇਹੀ ਅਤੇ ਸਹਿਯੋਗੀ ਬੱਚਿਆਂ ਨੂੰ ਅਤੇ ਸ਼ਕਤੀਸ਼ਾਲੀ ਸਮਾਨ ਬੱਚਿਆਂ ਨੂੰ ਵੇਖ ਰਹੇ ਹਨ। ਸਨੇਹੀ ਸਾਰੇ ਬੱਚੇ ਹਨ ਲੇਕਿਨ ਸ਼ਕਤੀਸ਼ਾਲੀ ਸ਼ਕਤੀ ਅਨੁਸਾਰ ਹਨ। ਸਨੇਹੀ ਬੱਚਿਆਂ ਨੂੰ ਸਨੇਹ ਦਾ ਰਿਟਰਨ ਪਦਮ ਗੁਣਾਂ ਸਨੇਹ ਅਤੇ ਸਹਿਯੋਗ ਪ੍ਰਾਪਤ ਹੁੰਦਾ ਹੈ। ਸ਼ਕਤੀਸ਼ਾਲੀ ਸਮਾਨ ਬੱਚਿਆਂ ਨੂੰ ਸਦਾ ਸਹਿਜ ਵਿਜੇਈ ਭਵ ਦਾ ਰਿਟਰਨ ਮਿਲਦਾ ਹੈ। ਮਿਲਦਾ ਸਭ ਨੂੰ ਹੈ। ਸਨੇਹੀ ਬੱਚੇ ਯਥਾ ਸ਼ਕਤੀਸ਼ਾਲੀ ਹੋਣ ਦੇ ਕਾਰਣ ਸਦਾ ਸਹਿਜ ਵਿਜੇ ਦਾ ਅਨੁਭਵ ਨਹੀਂ ਕਰ ਪਾਉਂਦੇ। ਕਦੇ ਸਹਿਜ, ਕਦੇ ਮਿਹਨਤ। ਬਾਪਦਾਦਾ ਸਨੇਹੀ ਬੱਚਿਆਂ ਨੂੰ ਵੀ ਸਹਿਜ ਕਰਨ ਦਾ ਸਹਿਯੋਗ ਦਿੰਦੇ ਹਨ ਕਿਉਂਕਿ ਸਨੇਹੀ ਆਤਮਾਵਾਂ ਸਹਿਯੋਗੀ ਵੀ ਰਹਿੰਦੀਆਂ ਹੀ ਹਨ। ਤਾਂ ਸਹਿਯੋਗ ਦੇ ਰਿਟਰਨ ਵਿੱਚ ਬਾਪਦਾਦਾ ਸਹਿਯੋਗ ਜਰੂਰ ਦਿੰਦੇ ਹਨ ਲੇਕਿਨ ਯੋਗ ਪੂਰਾ ਨਾ ਹੋਣ ਦੇ ਕਾਰਣ ਸਹਿਯੋਗ ਮਿਲਦੇ ਵੀ ਪ੍ਰਾਪਤੀ ਦਾ ਅਨੁਭਵ ਨਹੀਂ ਕਰ ਪਾਉਂਦੇ। ਯੋਗ ਦਵਾਰਾ ਹੀ ਸਹਿਯੋਗ ਦਾ ਅਨੁਭਵ ਹੁੰਦਾ ਹੈ ਅਤੇ ਸ਼ਕਤੀਸ਼ਾਲੀ ਸਮਾਨ ਬੱਚੇ ਸਦਾ ਯੋਗਯੁਕਤ ਹਨ ਇਸਲਈ ਸਹਿਯੋਗ ਦਾ ਅਨੁਭਵ ਕਰਦੇ ਸਹਿਜ ਵਿਜੇਈ ਬਣ ਜਾਂਦੇ ਹਨ। ਪਰ ਬਾਪ ਨੂੰ ਦੋਵੇਂ ਤਰ੍ਹਾਂ ਦੇ ਬੱਚੇ ਹੀ ਪਿਆਰੇ ਹਨ। ਪਿਆਰ ਅਤੇ ਸਦਾ ਵਿਜੇਈ ਰਹਿਣ ਦੀ ਸ਼ੁਭ ਚਾਹਨਾ ਸਾਰੇ ਬੱਚਿਆਂ ਵਿਚ ਰਹਿੰਦੀ ਹੈ ਲੇਕਿਨ ਸ਼ਕਤੀ ਘੱਟ ਹੋਣ ਦੇ ਕਾਰਨ ਸਮੇਂ ਤੇ ਅਤੇ ਸਰਵ ਸ਼ਕਤੀਆਂ ਕੰਮ ਵਿੱਚ ਨਹੀਂ ਲਗਾ ਸਕਦੇ। ਬਾਪ ਵਰਸੇ ਦੇ ਅਧਿਕਾਰ ਵਿਚ ਸ੍ਰਵ ਸ਼ਕਤੀਆਂਦਾ ਅਧਿਕਾਰ ਸਾਰੇ ਬੱਚਿਆਂ ਨੂੰ ਦਿੰਦੇ ਹਨ। ਅਧਿਕਾਰ ਦੇਣ ਵਿੱਚ ਬਾਪਦਾਦਾ ਫਰਕ ਨਹੀਂ ਰੱਖਦੇ, ਸਭ ਨੂੰ ਸੰਪੂਰਨ ਅਧਿਕਾਰੀ ਬਣਾਉਂਦੇ ਹਨ ਲੇਕਿਨ ਲੈਣ ਵਿੱਚ ਨੰਬਰਵਾਰ ਬਣ ਜਾਂਦੇ ਹਨ। ਬਾਪਦਾਦਾ ਕਿਸੇਨੂੰ ਸਪੈਸ਼ਲ, ਕਿਸੇ ਨੂੰ ਵੱਖ ਟਿਊਸ਼ਨ ਦਿੰਦੇ ਹਨ ਕੀ?ਨਹੀਂ ਦਿੰਦੇ। ਪੜ੍ਹਾਈ ਸਭ ਦੀ ਇੱਕ ਹੈ, ਪਾਲਣਾ ਸਭ ਦੀ ਇੱਕ ਹੈ। ਪਾਂਡਵਾਂ ਦੀ ਵੱਖ ਪਾਲਣਾ ਹੋਵੇ, ਸ਼ਕਤੀਆਂ ਦੀ ਵੱਖ ਹੋਵੇ - ਇਵੇਂ ਹੈ ਕੀ? ਸਭ ਨੂੰ ਇੱਕ ਜਿਹੀ ਪਾਲਣਾ ਅਤੇ ਪੜ੍ਹਾਈ ਹੈ। ਲੇਕਿਨ ਲੈਣ ਵਿੱਚ, ਰਿਜਲਟ ਵਿੱਚ ਕਿੰਨਾਂ ਫਰਕ ਪੈ ਜਾਂਦਾ ਹੈ! ਕਿੱਥੇ ਅਸ਼ਟ ਰਤਨ ਅਤੇ ਕਿੱਥੇ 16108 ਰਤਨ - ਕਿੰਨਾਂ ਫਰਕ ਹੈ! ਇਹ ਫਰਕ ਕਿਉਂ ਹੋਇਆ? ਪੜ੍ਹਾਈ ਅਤੇ ਪਾਲਣਾ ਨੂੰ, ਵਰਦਾਨਾਂ ਨੂੰ ਧਾਰਨ ਕਰਨਾ ਤੇ ਕੰਮ ਵਿੱਚ ਲਗਾਉਣਾ - ਇਸ ਵਿੱਚ ਫ਼ਰਕ ਹੋ ਜਾਂਦਾ ਹੈ। ਕਈ ਬੱਚੇ ਧਾਰਨ ਵੀ ਕਰ ਲੈਂਦੇ ਹਨ ਲੇਕਿਨ ਸਮੇਂ ਪ੍ਰਮਾਣ ਕੰਮ ਵਿੱਚ ਲਗਾਉਣਾ ਨਹੀਂ ਆਉਂਦਾ ਹੈ। ਬੁੱਧੀ ਤੱਕ ਬਹੁਤ ਭਰਪੂਰ ਹੋਵੇਗੀ ਲੇਕਿਨ ਕਰਮ ਵਿੱਚ ਆਉਣ ਤੇ ਫਰਕ ਪੈ ਜਾਂਦਾ ਹੈ।

ਬ੍ਰਹਮਾ ਬਾਪ ਨੰਬਰਵਨ ਕਿਓਂ ਬਣਿਆ? ਦੋ ਕਦਮ ਪਹਿਲੇ ਸੁਣਾਏ ਨਾ! ਤੀਸਰਾ - ਸਦਾ ਬਾਪ, ਸਿੱਖਿਅਕ ਅਤੇ ਸਤਿਗੁਰੂ ਦੇ ਫਰਮਾਨਬਰਦਾਰ ਬਣੇ। ਹਰ ਫ਼ਰਮਾਨ ਨੂੰ ਜੀ ਹਜ਼ੂਰ ਕੀਤਾ। ਬਾਪ ਦਾ ਫ਼ਰਮਾਨ ਹੈ ਸਦਾ ਸਰਵ ਖਜਾਨਿਆਂ ਦੇ ਵਰਸੇ ਵਿੱਚ ਸੰਪੰਨ ਬਣਨਾ ਅਤੇ ਬਨਾਉਣਾ। ਤਾਂ ਪ੍ਰਤੱਖ ਵੇਖਿਆ ਕਿ ਸਰਵ ਖਜਾਨੇ - ਗਿਆਨ, ਸ਼ਕਤੀਆਂ, ਗੁਣ, ਸ੍ਰੇਸ਼ਠ ਸਮੇਂ, ਸ੍ਰੇਸ਼ਠ ਸੰਕਲਪਾਂ ਦਾ ਖਜਾਨਾ ਪਹਿਲੇ ਦਿਨ ਤੋਂ ਲੈਕੇ ਲਾਸ੍ਟ ਦਿਨ ਤੱਕ ਕੰਮ ਵਿੱਚ ਲਗਾਇਆ। ਲਾਸ੍ਟ ਦਿਨ ਵੀ ਸਮੇਂ, ਸੰਕਲਪ ਬੱਚਿਆਂ ਪ੍ਰਤੀ ਲਗਾਇਆ। ਗਿਆਨ ਦਾ ਖਜਾਨਾ, ਯਾਦ ਦੀ ਸ਼ਕਤੀ ਅਤੇ ਸਹਿਣਸ਼ੀਲਤਾ ਦੇ ਗੁਣ ਦਾ ਸਵਰੂਪ - ਇਹ ਸਭ ਖਜਾਨੇ ਲਾਸ੍ਟ ਸਮੇਂ ਤੱਕ, ਸ਼ਰੀਰ ਨੂੰ ਵੀ ਭੁੱਲ ਸੇਵਾ ਵਿੱਚ ਪ੍ਰੈਕਟਿਕਲ ਵਿੱਚ ਲਗਾਕੇ ਵਿਖਾਇਆ। ਤਾਂ ਉਸ ਨੂੰ ਕਿਹਾ ਜਾਂਦਾ ਹੈ ਫ਼ਰਮਾਨਬਦਾਰ ਨੰਬਰਵਨ ਬੱਚਾ ਕਿਉਂਕਿ ਬਾਪ ਦਾ ਵਿਸ਼ੇਸ਼ ਫ਼ਰਮਾਨ ਇਹ ਹੀ ਹੈ ਕਿ ਯਾਦ ਅਤੇ ਸੇਵਾ ਵਿਚ ਸਦਾ ਬਾਪ ਸਮਾਨ ਰਹੋ। ਤਾਂ ਆਦਿ ਤੋਂ ਲੈਕੇ ਅੰਤ ਘੜੀ ਤੱਕ ਦੋਵੇਂ ਹੀ ਫ਼ਰਮਾਨ ਪ੍ਰੈਕਟਿਕਲ ਵਿੱਚ ਦੇਖਿਆ ਨਾ? ਸਨੇਹ ਦੀ ਨਿਸ਼ਾਨੀ ਹੈ ਫਾਲੋ ਕਰਨਾ। ਤਾਂ ਚੈਕ ਕਰੋ - ਆਦਿ ਤੋਂ ਹੁਣ ਤੱਕ ਸਰਵ ਖਜਾਨਿਆਂ ਨੂੰ ਖੁਦ ਦੇ ਨਾਲ - ਨਾਲ ਸੇਵਾ ਵਿਚ ਲਗਾਇਆ ਹੈ? ਬਾਪ ਦਾ ਫ਼ਰਮਾਨ ਇੱਕ ਸਵਾਸ਼ ਜਾਂ ਸੰਕਲਪ, ਸੈਕਿੰਡ ਵਿਅਰਥ ਨਹੀਂ ਗਵਾਉਣ ਹੈ। ਤਾਂ ਸਾਰੇ ਦਿਨ ਵਿੱਚ ਇਹ ਫ਼ਰਮਾਨ ਪ੍ਰੈਕਟਿਕਲ ਵਿੱਚ ਲਿਆਂਦਾ? ਜਾਂ ਕਦੇ ਲਿਆਂਦਾ, ਕਦੇ ਨਹੀਂ ਲਿਆਂਦਾ? ਜੇਕਰ ਕਦੇ - ਕਦੇ ਫ਼ਰਮਾਨਬਦਾਰ ਬਣੇ ਅਤੇ ਕਦੇ ਨਹੀਂ ਬਣੇ ਤਾਂ ਕਿਸ ਲਿਸਟ ਵਿੱਚ ਜਾਵੋਂਗੇ? ਜੇਕਰ ਬਾਪਦਾਦਾ ਫ਼ਰਮਾਨਬਦਾਰ ਦੀ ਲਿਸਟ ਕੱਢਣ ਤਾਂ ਤੁਸੀਂ ਕਿਸ ਲਿਸਟ ਵਿਚ ਹੋਵੋਗੇ? ਆਪਣੇ ਨੂੰ ਤਾਂ ਜਾਣਦੇ ਹੋ ਨਾ? ਕਿਉਂਕਿ ਤੁਸੀਂ ਸਭ ਸ੍ਰਵ ਖਜਾਨਿਆਂ ਦੇ ਟਰੱਸਟੀ, ਮਾਲਿਕ ਹੋ। ਤਾਂ ਇੱਕ ਸੰਕਲਪ ਵੀ ਬਿੰਨ ਬਾਪ ਦੇ ਫ਼ਰਮਾਨ ਦੇ ਯੁਜ਼ ਨਹੀਂ ਕਰ ਸਕਦੇ ਹੋ। ਜਾਂ ਸੋਚਦੇ ਹੋ ਕਿ ਅਸੀਂ ਬਾਲਿਕ ਸੋ ਮਾਲਿਕ ਹਾਂ, ਇਸਲਈ ਵਿਅਰਥ ਗਵਾਏ ਜਾਂ ਕੁਝ ਵੀ ਕਰੀਏ, ਇਸ ਵਿੱਚ ਬਾਪ ਦਾ ਕੀ ਜਾਂਦਾ ਹੈ! ਬਾਪ ਨੇ ਦੇ ਦਿੱਤਾ, ਹੁਣ ਹਿਸਾਬ ਕਿਓਂ ਲੈਂਦੇ ਹਨ? ਨਹੀਂ। ਤੁਸੀਂ ਰੋਜ਼ ਬਾਪ ਦੇ ਅੱਗੇ ਕਹਿੰਦੇ ਹੋ ਕਿ ਸਭ ਤੇਰਾ ਹੈ, ਮੇਰਾ ਨਹੀਂ ਹੈ। ਕਹਿੰਦੇ ਹੋ ਨਾ! ਕਿ ਟਾਇਮ ਤੇ ਮੇਰਾ ਅਤੇ ਟਾਇਮ ਤੇ ਤੇਰਾ! ਜਦ ਸਾਡਾ ਮਤਲਬ ਹੋਵੇ ਤਾਂ ਮੇਰਾ, ਉਵੇਂ ਤੇਰਾ… ਅਜਿਹੀ ਚਤੁਰਾਈ ਤਾਂ ਨਹੀਂ ਕਰਦੇ ਹੋ। ਬ੍ਰਹਮ ਬਾਪ ਨੂੰ ਵੇਖਿਆ - ਆਪਣੇ ਆਰਾਮ ਦਾ ਸਮਾਂ ਵੀ ਵਿਚਾਰ ਸਾਗਰ ਮੰਥਨ ਕਰ ਬੱਚਿਆਂ ਦੇ ਪ੍ਰਤੀ ਲਗਾਇਆ। ਰਾਤ੍ਰੀ ਵਿੱਚ ਵੀ ਜਾਗ ਕੇ ਬੱਚਿਆਂ ਨੂੰ ਯੋਗ ਦੀ ਸ਼ਕਤੀ ਦਿੰਦੇ ਰਹੇ। ਇਹ ਚਰਿਤ੍ਰ ਤਾਂ ਸੁਣੇ ਹਨ ਨਾ? ਬ੍ਰਹਮਾ ਦੀ ਕਹਾਣੀ ਸੁਣੀ ਹੈ ਨਾ? ਫਾਲੋ ਫਾਦਰ ਕੀਤਾ ਕਿ ਸਿਰਫ ਸੁਣ ਲਿਆ? ਸੁਣਨਾ ਮਤਲਬ ਕਰਨਾ।

ਤਾਂ ਤੀਸਰਾ ਕਦਮ ਸਦਾ ਜੀ ਹਾਜ਼ਿਰ ਅਤੇ ਨਾਜਿਰ, ਕਦੇ ਬ੍ਰਹਮਾ ਬਾਪ ਤੋਂ ਸ਼ਿਵ ਬਾਪ ਵੱਖ ਨਹੀਂ ਹੋਏ, ਹਾਜ਼ਿਰ - ਨਾਜ਼ਿਰ ਰਹੇ ਨਾ!

ਬੱਚੇ ਨੇ ਕਿਹਾ ਬਾਬਾ ਅਤੇ ਬਾਪ ਨੇ ਕਿਹਾ ਮਿੱਠੇ ਬੱਚੇ। ਤਾਂ ਮਨ ਦੀ ਸਥਿਤੀ ਵਿਚ ਸਦਾ ਹਾਜ਼ਿਰ ਤੇ ਨਾਜਿਰ ਅਨੁਭਵ ਕੀਤਾ। ਸੇਵਾ ਵਿੱਚ ਸਦਾ ਜੀ ਹਾਜ਼ਿਰ ਕੀਤਾ। ਭਾਵੇਂ ਰਾਤ ਹੋਵੇ, ਭਾਵੇਂ ਦਿਨ ਹੋਵੇ, ਸੇਵਾ ਦਾ ਡਾਇਰੈਕਸ਼ਨ ਮਿਲਿਆ ਅਤੇ ਪ੍ਰੈਕਟਿਕਲ ਕੀਤਾ ਅਤੇ ਕਰਮ ਵਿੱਚ ਸਦਾ ਹਾਂ ਜੀ ਕੀਤਾ। ਹਾਂ ਜੀ ਦਾ ਪਾਠ ਪੜ੍ਹਾਇਆ ਨਾ? ਤਾਂ ਤੁਸੀਂ ਕੀ ਫਾਲੋ ਕਰਦੇ ਹੋ? ਕਦੇ ਹਾਂ ਜੀ, ਕਦੇ ਨਾ ਜੀ ਤਾਂ ਨਹੀਂ ਕਰਦੇ? ਤਾਂ ਪਿਆਰ ਦਾ ਸਬੂਤ ਵਿਖਾਓ। ਇਵੇਂ ਨਹੀਂ ਸੋਚੋ ਕਿ ਜਿੰਨਾਂ ਬਾਬਾ ਨਾਲ ਮੇਰਾ ਪਿਆਰ ਹੈ ਉਤਨਾ ਹੋਰ ਕਿਸੇ ਦਾ ਨਹੀਂ। ਮੇਰੇ ਦਿਲ ਵਿਚ ਵੇਖ ਲਵੋ, ਕੀ ਵਿਖਾਵਾਂ, ਕੀ ਸੁਣਾਵਾਂ... ਬੱਚੇ ਅਜਿਹੇ ਗੀਤ ਗਾਉਂਦੇ ਹਨ। ਲੇਕਿਨ ਸਬੂਤ ਵਿਖਾਓ। ਸਬੂਤ ਹੈ ਫਾਲੋ ਫਾਦਰ। ਤਾਂ ਚੈਕ ਕਰੋ - ਸਥਿਤੀ ਵਿਚ, ਸੇਵਾ ਵਿਚ, ਕਰਮ ਮਤਲਬ ਸੰਬੰਧ - ਸੰਪਰਕ ਵਿੱਚ, (ਸੰਬੰਧ ਅਤੇ ਸੰਪਰਕ ਵਿਚ ਆਉਣਾ ਹੀ ਕਰਮ ਹੈ) ਤਿੰਨਾਂ ਵਿੱਚ ਸਦਾ ਫਾਲੋ ਫਾਦਰ ਹੋ? ਹਰ ਫ਼ਰਮਾਨ ਸਿਰਫ ਬੁੱਧੀ ਤੱਕ ਰਹਿੰਦਾ ਹੈ ਜਾਂ ਕਰਮ ਵਿੱਚ ਵੀ ਆਉਂਦਾ ਹੈ? ਰਿਜਲਟ ਵਿੱਚ ਵੇਖਿਆ ਜਾਂਦਾ ਹੈ ਕਿ ਜੇਕਰ ਬੁੱਧੀ ਅਤੇ ਵਾਣੀ ਵਿੱਚ 100 ਗੱਲਾਂ ਰਹਿੰਦੀਆਂ ਹਨ ਤਾਂ ਕਰਮ ਵਿੱਚ 50 ਹਨ। ਤਾਂ ਉਨ੍ਹਾਂ ਨੂੰ ਫਾਲੋ ਫਾਦਰ ਕਹੀਏ? ਅਧੂਰੀ ਰਿਜਲਟ ਵਾਲਿਆਂ ਨੂੰ ਫਾਲੋ ਫਾਦਰ ਦੀ ਲਿਸਟ ਵਿੱਚ ਰੱਖੀਏ? ਤੁਸੀਂ ਕੀ ਸਮਝਦੇ ਹੋ? ਉਹ ਫ਼ਰਮਾਨਬਦਾਰ ਹਨ? ਕਿ ਤੁਸੀਂ ਅੱਧੇ ਵਿੱਚ ਰਾਜ਼ੀ ਹੋ? ਥੋੜ੍ਹਾ - ਥੋੜ੍ਹਾ ਫਰਕ ਪਸੰਦ ਹੈ! ਸ਼ੁਰੂ - ਸ਼ੁਰੂ ਵਿਚ ਮਾਲਾ ਵੀ ਬਣਾਉਂਦੇ ਸਨ, ਗੋਲਡਨ - ਸਿਲਵਰ ਵੀ ਲਿਸਟ ਨਿਕਾਲਦੇ ਸੀ। ਤਾਂ ਹੁਣ ਫਿਰ ਤੋਂ ਲਿਸਟ ਕਢੀਏ ? ਕਿ ਸਿਲਵਰ ਵਿੱਚ ਨਾਮ ਵੇਖਕੇ ਕਾਪਰ ਬਣ ਜਾਵੋਗੇ?

ਸਮੇਂ ਦੀ ਸੂਚਨਾ ਬਾਪ ਤਾਂ ਦੇ ਹੀ ਰਹੇ ਹਨ ਲੇਕਿਨ ਪ੍ਰਕ੍ਰਿਤੀ ਵੀ ਦੇ ਰਹੀ ਹੈ। ਪ੍ਰਕ੍ਰਿਤੀ ਵੀ ਚੈਲੇਂਜ ਕਰ ਰਹੀ ਹੈ ਤਾਂ ਸਮੇਂ ਦੇ ਪ੍ਰਮਾਣ ਤੁਸੀਂ ਲੋਕ ਹੋਰਾਂ ਨੂੰ ਵੀ ਸੂਚਨਾ ਦਿੰਦੇ ਰਹਿੰਦੇ ਹੋ। ਭਾਸ਼ਨਾਂ ਵਿਚ ਸਭ ਨੂੰ ਕਹਿੰਦੇ ਹੋ ਕਿ ਸਮੇਂ ਆ ਗਿਆ ਹੈ, ਸਮੇਂ ਆ ਗਿਆ ਹੈ। ਤਾਂ ਆਪਣੇ ਨੂੰ ਵੀ ਕਹਿੰਦੇ ਹੋ ਜਾਂ ਸਿਰਫ ਦੂਜਿਆਂ ਨੂੰ ਕਹਿੰਦੇ ਹੋ ? ਦੂਜਿਆਂ ਨੂੰ ਕਹਿਣਾ ਤੇ ਸੌਖਾ ਹੁੰਦਾ ਹੈ ਨਾ? ਤਾਂ ਖੁਦ ਵੀ ਇਹ ਚੈਲੇਂਜ ਸਮ੍ਰਿਤੀ ਵਿੱਚ ਲਿਆਓ। ਸਮੇਂ ਦੇ ਅਨੁਸਾਰ ਆਪਣੇ ਪੁਰਸ਼ਾਰਥ ਦੀ ਗਤੀ ਕੀ ਹੈ? ਬਾਪਦਾਦਾ ਇੱਕ ਗੱਲ ਤੇ ਅੰਦਰ - ਅੰਦਰ ਮੁਸਕੁਰਾਉਂਦੇ ਰਹਿੰਦੇ ਹਨ। ਕਿਸ ਗੱਲ ਤੇ ਮੁਸਕੁਰਾਉਂਦੇ ਹਨ, ਜਾਣਦੇ ਹੋ? ਇੱਕ ਪਾਸੇ ਮੇਜਿਓਰਟੀ ਬੱਚੇ ਕਦੇ - ਕਦੇ ਇੱਕ ਸੈਕਿੰਡ ਇਹ ਸੋਚਦੇ ਹਨ ਕਿ ਸਮੇਂ ਪ੍ਰਮਾਣ ਪੁਰਸ਼ਾਰਥ ਵਿੱਚ ਤੀਵ੍ਰਤਾ ਹੋਣੀ ਚਾਹੀਦੀ ਹੈ ਅਤੇ ਦੂਜੇ ਪਾਸੇ ਜਦੋਂ ਮਾਇਆ ਆਪਣਾ ਪ੍ਰਭਾਵ ਪਾ ਦਿੰਦੀ ਹੈ ਤਾਂ ਦੂਜੇ ਸੈਕਿੰਡ ਇਹ ਸੋਚਦੇ ਹਨ ਕਿ ਇਹ ਤਾਂ ਸਭ ਚਲਦਾ ਹੀ ਹੈ, ਇਹ ਤਾਂ ਮਹਾਰਥੀਆਂ ਤੋਂ ਵੀ ਪ੍ਰੰਪਰਾ ਚਲਿਆ ਆਉਂਦਾ ਹੈ। ਤਾਂ ਬਾਪਦਾਦਾ ਕੀ ਕਰਨਗੇ? ਗੁੱਸਾ ਤੇ ਨਹੀਂ ਕਰਨਗੇ ਨ! ਮੁਸਕੁਰਾਉਣਗੇ। ਅਤੇ ਇਸ ਦਾ ਵਿਸ਼ੇਸ਼ ਕਾਰਣ ਹੈ ਕਿ ਸਮੇਂ ਪ੍ਰਤੀ ਸਮੇਂ ਪੁਰਸ਼ਾਰਥ ਨੂੰ ਬਹੁਤ ਸਹਿਜ ਕਰ ਦਿੱਤਾ ਹੈ, ਇਜ਼ੀ ਕਰ ਲਿਆ ਹੈ। ਸੁਭਾਅ ਨੂੰ ਇਜ਼ੀ ਨਹੀਂ ਕਰਦੇ, ਸੁਭਾਅ ਵਿੱਚ ਟਾਇਟ ਹੁੰਦੇ ਹਨ ਅਤੇ ਪੁਰਸ਼ਾਰਥ ਵਿੱਚ ਇਜ਼ੀ ਹੋ ਜਾਂਦੇ ਹਨ। ਫਿਰ ਸੋਚਦੇ ਹਨ ਸਹਿਜ ਯੋਗ ਹੈ ਨਾ! ਲੇਕਿਨ ਜੀਵਨ ਵਿਚ, ਪੁਰਸ਼ਾਰਥ ਵਿੱਚ ਇਜ਼ੀ ਰਹਿਣਾ - ਇਸ ਨੂੰ ਸਹਿਜ ਯੋਗ ਨਹੀਂ ਕਿਹਾ ਜਾਂਦਾ ਕਿਓਂਕਿ ਇਜ਼ੀ ਰਹਿਣਾ ਨਾਲ ਸ਼ਕਤੀਆਂ ਮਰਜ਼ ਹੋ ਜਾਂਦੀਆਂ ਹਨ, ਇਮ੍ਰਜ਼ ਨਹੀਂ ਹੁੰਦੀਆਂ। ਤੁਸੀਂ ਸਭ ਆਪਣੇ ਬ੍ਰਾਹਮਣ ਜੀਵਨ ਦੇ ਆਦਿ ਦਾ ਸਮੇਂ ਯਾਦ ਕਰੋ। ਉਸ ਵੇਲੇ ਕਿਵੇਂ ਪੁਰਸ਼ਾਰਥ ਰਿਹਾ? ਇਜ਼ੀ ਰਿਹਾ ਜਾਂ ਟੈਂਸ਼ਨ ਵਾਲਾ ਪੁਰਸ਼ਾਰਥ ਰਿਹਾ? ਅਟੈਂਸ਼ਨ ਵਾਲਾ ਰਿਹਾ, ਉਮੰਗ - ਉਤਸਾਹ ਵਾਲਾ ਰਿਹਾ ਅਤੇ ਹੁਣ ਅਲਬੇਲੇਪਨ ਦੇ ਡਨਲਪ ਦੇ ਤਕੀਏ ਅਤੇ ਬਿਸਤਰੇ ਮਿਲ ਗਏ ਹਨ। ਸਾਧਨਾਂ ਨੇ ਆਰਾਮ ਪਸੰਦ ਬਣਾ ਦਿੱਤਾ ਹੈ। ਤਾਂ ਆਪਣੇ ਆਦਿ ਦੇ ਪੁਰਸ਼ਾਰਥ, ਆਦਿ ਦੀ ਸੇਵਾ ਅਤੇ ਆਦਿ ਦੇ ਉਮੰਗ - ਉਤਸਾਹ ਨੂੰ ਚੈਕ ਕਰੋ - ਕੀ ਸੀ? ਆਰਾਮ ਪਸੰਦ ਸਨ? ( ਨਹੀਂ) ਅਤੇ ਹੁਣ ਥੋੜ੍ਹਾ - ਥੋੜ੍ਹਾ ਹੋ? ਸਾਧਨ ਸੇਵਾ ਦੇ ਪ੍ਰਤੀ ਹਨ, ਸਾਧਨ ਖੁਦ ਨੂੰ ਆਰਾਮ ਪਸੰਦ ਬਨਾਉਣ ਦੇ ਲਈ ਨਹੀਂ ਹਨ। ਤਾਂ ਹੁਣ ਡਨਲਪ ਦਾ ਤੱਕਿਆ ਅਤੇ ਬਿਸਤਰਾ ਨਿਕਾਲੋ। ਪਟਰਾਣੀਆਂ ਬਣੋ, ਪਟਰਾਨੇ ਬਣੋ। ਭਾਵੇਂ ਪਲੰਗ ਤੇ ਸੋਵੋ ਲੇਕਿਨ ਸਥਿਤੀ ਪਟਰਾਣੀ - ਪਟਰਾਨੇ ਦੀ ਹੋਵੇ। ਦੇਖੋ, ਆਦਿ ਸੇਵਾ ਦੇ ਸਮੇਂ ਵਿਚ ਸਾਧਨ ਨਹੀਂ ਸਨ, ਲੇਕਿਨ ਸਾਧਨਾ ਕਿੰਨੀ ਸ੍ਰੇਸ਼ਠ ਰਹੀ। ਜਿਸ ਦੀ ਦੀ ਸਾਧਨਾ ਨੇ ਇਹ ਸਾਰੀ ਬ੍ਰਿਧੀ ਕੀਤੀ ਹੈ। ਤਾਂ ਸਾਧਨਾ ਦੇ ਬੀਜ ਨੂੰ ਵਿਸਤਾਰ ਵਿੱਚ ਛਿਪਾ ਨਹੀਂ ਦਵੋ। ਜਦੋਂ ਵਿਸਤਾਰ ਹੁੰਦਾ ਹੈ ਤਾਂ ਬੀਜ ਛਿਪ ਜਾਂਦਾ ਹੈ। ਤਾਂ ਸਾਧਨਾ ਹੈ ਬੀਜ, ਸਾਧਨ ਹਨ ਵਿਸਤਾਰ। ਤਾਂ ਸਾਧਨਾ ਦਾ ਬੀਜ ਛਿਪਨ ਨਹੀਂ ਦਵੋ, ਹੁਣ ਫਿਰ ਤੋਂ ਬੀਜ ਨੂੰ ਪ੍ਰਤੱਖ ਕਰੋ।

ਬਾਪਦਾਦਾ ਨੇ ਇਸ ਸੀਜਨ ਵਿੱਚ ਕੰਮ ਦਿੱਤਾ ਸੀ ਲੇਕਿਨ ਕੀਤਾ ਨਹੀਂ। ਯਾਦ ਹੈ ਕੀ ਦਿੱਤਾ ਸੀ? ਕਿ ਕਾਪੀਆਂ ਵਿੱਚ ਹੈ! ਕੰਮ ਦਿੱਤਾ ਸੀ ਕਿ ਬੇਹੱਦ ਦੇ ਵੈਰਾਗ ਵ੍ਰਿਤੀ ਤੇ ਖੁਦ ਨਾਲ ਵੀ ਚਰਚਾ ਕਰੋ ਅਤੇ ਆਪਸ ਵਿਚ ਵੀ ਚਰਚਾ ਕਰੋ ਅਤੇ ਪ੍ਰੈਕਟਿਕਲ ਵਿੱਚ ਇਸ ਸਾਧਨਾ ਦੇ ਬੀਜ ਨੂੰ ਪ੍ਰਤੱਖ ਕਰੋ। ਤਾਂ ਕੀਤਾ? ਕਿ ਇੱਕ ਦਿਨ ਸਿਰਫ ਡੀਬੇਟ ਕਰ ਲਈ, ਵਰਕਸ਼ਾਪ ਤਾਂ ਹੋ ਗਈ ਲੇਕਿਨ ਵਰਕ ਵਿੱਚ ਨਹੀਂ ਆਈ। ਤਾਂ ਵਰਤਮਾਨ ਸਮੇਂ ਦੇ ਪ੍ਰਮਾਣ ਹੁਣ ਆਪਣੀ ਸੇਵਾ ਅਤੇ ਸੇਵਾ ਸਥਾਨਾਂ ਦੀ ਦਿਨਚਰਿਆ ਬੇਹੱਦ ਦੇ ਵੈਰਾਗ ਵ੍ਰਿਤੀ ਦੀ ਬਣਾਓ। ਹੁਣ ਆਰਾਮ ਦੀ ਦਿਨਚਰਿਆ ਮਿਕਸ ਹੋ ਗਈ ਹੈ। ਇਹ ਅਲਬੇਲਾਪਨ ਸ਼ਰੀਰ ਦੀਆਂ ਛੋਟੀਆਂ - ਛੋਟੀਆਂ ਬਿਮਾਰੀਆਂ ਦੇ ਵੀ ਬਹਾਨੇ ਬਣਾਉਂਦਾ ਹੈ। ਪਹਿਲਾਂ ਵੀ ਤੇ ਬਿਮਾਰੀ ਹੁੰਦੀ ਸੀ ਨਾ, ਲੇਕਿਨ ਸੇਵਾ ਦਾ ਉਮੰਗ ਬਿਮਾਰੀ ਨੂੰ ਮਰਜ਼ ਕਰ ਦਿੰਦਾ ਹੈ। ਜਦੋਂ ਕੋਈ ਤੁਹਾਡੇ ਦਿਲਪਸੰਦ ਸੇਵਾ ਹੁੰਦੀ ਹੈ ਤਾਂ ਬਿਮਾਰੀ ਯਾਦ ਆਉਂਦੀ ਹੈ? ਜੇਕਰ ਤੁਹਾਨੂੰ ਇੰਚਾਰਜ ਭੈਣ ਕਹੇ - ਨਹੀਂ, ਤੁਹਾਡੀ ਤਬੀਅਤ ਠੀਕ ਨਹੀਂ ਹੈ, ਦੂਜੇ ਨੂੰ ਕਰਨ ਦਵੋ, ਤਾਂ ਕਰਨ ਦਵੋਗੇ? ਉਸ ਵੇਲੇ ਬੁਖਾਰ ਜਾਂ ਸਿਰ ਦਰਦ ਕਿੱਥੇ ਚਲਿਆ ਜਾਂਦਾ ਹੈ? ਅਤੇ ਜਦੋਂ ਕੋਈ ਸੇਵਾ ਪਸੰਦ ਨਹੀਂ ਹੋਵੇਗੀ ਤਾਂ ਕੀ ਹੋਵੇਗਾ? ਸਿਰ ਦਰਦ ਵੀ ਆ ਜਾਵੇਗਾ ਤਾਂ ਪੇਟ ਦਰਦ ਵੀ ਆ ਜਾਵੇਗਾ। ਸੁਣਾਇਆ ਹੈ ਨਾ ਕਿ ਜੇਕਰ ਬਹਾਨੇਬਾਜੀ ਵਿੱਚ ਬੁਖਾਰ ਕਹੋਗੀ ਤਾਂ ਟੀਚਰ ਕਹੇਗੀ ਕਿ ਥਰਮਾ ਮੀਟਰ ਲਗਾਓ ਲੇਕਿਨ ਪੇਟ ਦਰਦ ਅਤੇ ਸਿਰ ਦਰਦ ਦਾ ਥਰਮਾ ਮੀਟਰ ਤਾਂ ਹੈ ਹੀ ਨਹੀਂ। ਮੂਡ ਠੀਕ ਨਹੀਂ ਹੋਵੇਗਾ ਅਤੇ ਕਹਿਣਗੇ ਕਿ ਪੇਟ ਦਰਦ ਹੈ! ਤਾਂ ਇਹ ਅਲਬੇਲੇਪਨ ਦੇ ਬਹਾਨੇ ਹਨ। ਬੇਹੱਦ

ਦੇ ਵੈਰਾਗ ਵ੍ਰਿਤੀ ਮਰਜ਼ ਹੋ ਗਈ ਹੈ ਅਤੇ ਬਹਾਨੇਬਾਜੀ ਇਮ੍ਰਜ਼ ਹੋ ਗਈ ਹੈ।

ਬਾਪਦਾਦਾ ਵੇਖ ਰਹੇ ਸਨ ਕਿ ਸਾਰੇ ਬੱਚੇ ਬਹੁਤ ਸਨੇਹ ਨਾਲ ਮਧੂਬਨ ਵਿੱਚ ਪਹੁੰਚ ਗਏ ਹਨ। ਤਾਂ ਸਨੇਹ ਤੇ ਵਿਖਾਇਆ, ਉਸ ਦੀ ਮੁਬਾਰਕ ਹੋਵੇ। ਬਾਪਦਾਦਾ ਨੂੰ ਵੀ ਬੱਚਿਆਂ ਦੀ ਖੁਸ਼ੀ ਹੁੰਦੀ ਹੈ ਲੇਕਿਨ ਅੱਗੇ ਕੀ ਕਰਨਾ ਹੈ? ਸਿਰਫ ਮਧੂਬਨ ਤੱਕ ਪਹੁੰਚਣਾ ਹੈ ਜਾਂ ਸਨੇਹ ਦਾ ਸਬੂਤ ਵਿਖਾਉਣ ਦੇ ਲਈ ਫਰਿਸ਼ਤਾ ਰੂਪ ਵਿਚ ਵਤਨ ਪਹੁੰਚਣਾ ਹੈ? ਕੀ ਕਰਨਾ ਹੈ? ਮਧੂਬਨ ਵਿੱਚ ਪਹੁੰਚੇ ਉਸ ਦੀ ਮੁਬਾਰਕ ਹੈ ਲੇਕਿਨ ਫਰਿਸ਼ਤਾ ਬਣ ਵਤਨ ਵਿਚ ਕਦੋਂ ਪਹੁੰਚੋਗੇ? ਚਲਦੇ - ਫਿਰਦੇ ਤੁਸੀਂ ਸਭ ਨੂੰ ਫਰਿਸ਼ਤਾ ਹੀ ਦੇਖਣ। ਬੋਲ - ਚਾਲ, ਰਹਿਣ - ਸਹਿਣ ਸਭ ਫਰਿਸ਼ਤਿਆਂ ਦਾ ਬਣ ਜਾਵੇ। ਅਤੇ ਫਰਿਸ਼ਤੇ ਦਾ ਅਰਥ ਹੀ ਹੈ ਡਬਲ ਲਾਈਟ। ਤਾਂ ਦਿਨਚਰਿਆ ਵਿੱਚ ਲਾਈਟ ਨਹੀਂ ਬਣਨਾ ਹੈ ਲੇਕਿਨ ਸੰਬੰਧ - ਸੰਪਰਕ ਵਿਚ, ਸਥਿਤੀ ਵਿਚ ਲਾਈਟ। ਤਾਂ ਲਾਈਟ ਬਣਨਾ ਆਉਂਦਾ ਹੈ ਕਿ ਬੋਝ ਖਿੱਚਦਾ ਹੈ? ਬਾਪਦਾਦਾ ਸਨੇਹ ਦਾ ਸਬੂਤ ਵੇਖਣਾ ਚਾਹੁੰਦੇ ਹਨ ਅਤੇ ਜਦੋਂ ਸਨੇਹ ਦਾ ਸਬੂਤ ਦਵੋਗੇ ਤਾਂ ਤੁਹਾਨੂੰ ਤਾਲੀਆਂ ਵਜਾਉਣ ਦੀ ਲੋੜ ਨਹੀਂ ਪਵੇਗੀ ਲੇਕਿਨ ਮਾਇਆ ਵੀ ਤਾਲੀ ਵਜਾਵੇਗੀ - ਵਾਹ ਵਿਜੇਈ ਵਾਹ, ਪ੍ਰਕ੍ਰਿਤੀ ਵੀ ਤਾਲੀ ਵਜਾਵੇਗੀ। ਤਾਂ ਹੁਣ ਕੁਝ ਪਰਿਵਰਤਨ ਕਰੋ।

ਹੁਣ ਖੁਦ ਨੂੰ ਸਨੇਹ ਦੇ ਨਾਲ ਸ਼ਕਤੀਸ਼ਾਲੀ ਬਣਾਓ। ਖੁਦ ਦੇ ਪਰਿਵਰਤਨ ਵਿੱਚ ਸ਼ਕਤੀਰੂਪ ਬਣੋ। ਸਹਿਜ ਯੋਗੀ, ਸਹਿਜ ਯੋਗੀ ਕਰਕੇ ਅਲਬੇਲਾਪਨ ਨਹੀਂ ਲਿਆਓ। ਬਾਪਦਾਦਾ ਵੇਖਦੇ ਹਨ ਕਿ ਖੁਦ ਦੇ ਪ੍ਰਤੀ, ਭਾਵੇਂ ਸੇਵਾ ਦੇ ਪ੍ਰਤੀ, ਭਾਵੇਂ ਹੋਰਾਂ ਦੇ ਸੰਬੰਧ - ਸੰਪਰਕ ਪ੍ਰਤੀ ਅਲਬੇਲਾਪਨ ਜਿਆਦਾ ਆ ਗਿਆ ਹੈ। ਅਜੀਤ ਨਹੀਂ ਸੋਚੋ ਕਿ ਸਭ ਚਲਦਾ ਹੈ। ਇੱਕ - ਦੂਜੇ ਨੂੰ ਕਾਪੀ ਨਹੀਂ ਕਰੋ, ਬਾਪ ਨੂੰ ਕਾਪੀ ਕਰੋ। ਦੂਜਿਆਂ ਨੂੰ ਵੇਖਣ ਦੀ ਆਦਤ ਥੋੜ੍ਹੀ ਜਿਆਦਾ ਹੋ ਗਈ ਹੈ। ਆਪਣੇ ਨੂੰ ਵੇਖਣ ਵਿਚ ਅਲਬੇਲਾਪਨ ਆ ਗਿਆ ਹੈ। ਬਾਪਦਾਦਾ ਨੇ ਸੁਣਾਇਆ ਸੀ ਨਾ ਕਿ ਨੇੜੇ ਦੀ ਨਜ਼ਰ ਕਮਜੋਰ ਹੋ ਗਈ ਹੈ ਅਤੇ ਦੂਰ ਦੀ ਨਜ਼ਰ ਤੇਜ ਹੋ ਗਈ ਹੈ। ਤਾਂ ਹੁਣ ਕੀ ਕਰੋਗੇ? ਸੀਜਨ ਦਾ ਫਲ ਕੀ ਦੇਵੋਗੇ? ਕਿ ਸਿਰਫ ਬਾਪ ਆਇਆ, ਮਿਲਿਆ, ਮਨਾਇਆ, ਮੁਰਲੀ ਸੁਣੀ - ਇਹ ਫਲ ਹੈ? ਹਰ ਸੀਜਨ ਦਾ ਫਲ ਹੁੰਦਾ ਹੈ ਨਾ? ਤਾਂ ਇਸ ਸੀਜਨ ਦਾ ਫਲ ਬਾਪਦਾਦਾ ਨੂੰ ਕੀ ਭੋਗ ਲਗਾਵੋਗੇ? ਭੋਗ ਲਗਾਉਂਦੇ ਹੋ ਤਾਂ ਫਲ ਵੀ ਰੱਖਦੇ ਹੋ ਨਾ? ਉਹ ਤਾਂ ਬਜਾਰ ਵਿੱਚ ਮਿਲ ਜਾਂਦਾ ਹੈ, ਕੋਈ ਵੱਡੀ ਗੱਲ ਨਹੀਂ। ਹੁਣ ਇਸ ਸੀਜਨ ਦਾ ਫਲ ਕੀ ਭੇਂਟ ਕਰੋਗੇ ਜਾਂ ਭੋਗ ਲਗਾਓਗੇ? ਲਗਾਉਣਾ ਹੈ ਜਾਂ ਮੁਸ਼ਕਿਲ ਹੈ? ਤਾਂ ਵੇਖਾਂਗੇ ਕਿ ਨੰਬਰਵਨ ਭੋਗ ਕਿੱਥੋਂ ਆਉਂਦਾ ਹੈ। ਵਾਇਦਾ ਤਾਂ ਬਹੁਤ ਵਧੀਆ ਕਰਕੇ ਜਾਂਦੇ ਹੋ, ਕਦੇ ਵੀ ਨਾ ਨਹੀਂ ਕਰਦੇ ਹੋ, ਹਾਂ ਹੀ ਕਰਦੇ ਹੋ! ਖੁਸ਼ ਕਰ ਦਿੰਦੇ ਹੋ। ਲੇਕਿਨ ਹੁਣ ਕੀ ਕਰੀਏ? ਟੀਚਰਜ਼ ਨੰਬਰਵਨ ਭੋਗ ਲਗਾਉਣਗੀਆਂ ਨਾ? ਸਭ ਸੈਂਟਰਜ਼ ਦਾ ਭੋਗ ਵੇਖਾਂ ਗੇ। ਪ੍ਰਵ੍ਰਿਤੀ ਵਾਲੇ ਵੀ ਭੋਗ ਤਾਂ ਲਗਾਉਂਦੇ ਹੋ ਨ ਕਿ ਖੁਦ ਹੀ ਖਾ ਜਾਂਦੇ ਹੋ? ਤਾਂ ਇਹ ਨਹੀਂ ਸੋਚਣਾ ਕੀ ਸਿਰਫ ਸੈਂਟਰਜ਼ ਵਾਲਿਆਂ ਦਾ ਕੰਮ ਹੈ। ਸਭ ਦਾ ਕੰਮ ਹੈ। ਤਾਂ ਫ਼ਰਮਾਨਬਦਾਰ ਦਾ ਕਦਮ ਪ੍ਰੈਕਟਿਕਲ ਵਿੱਚ ਲਿਆਉਣਾ ਹੈ।

ਚੋਥਾ ਕਦਮ ਹੈ - ਵਫਾਦਾਰ। ਕਦੇ ਵੀ ਮਨ ਤੋਂ, ਬੁੱਧੀ ਤੋਂ, ਸੰਕਲਪ ਤੋਂ ਬਾਪ ਦੇ ਬੇਵਫਾ ਨਹੀਂ ਬਣਨਾ। ਵਫਾਦਾਰ ਦਾ ਅਰਥ ਹੀ ਹੈ ਸਦਾ ਇੱਕ ਬਾਪ, ਦੂਜਾ ਨਾ ਕੋਈ। ਸੰਕਲਪ ਵਿੱਚ ਵੀ ਦੇਹ, ਦੇ ਦੇ ਸੰਬੰਧ, ਦੇਹ ਦੇ ਪਦਾਰਥ ਜਾਂ ਦੇਹਧਾਰੀ ਵਿਅਕਤੀ ਆਕਰਸ਼ਿਤ ਨਹੀਂ ਕਰੇ। ਜਿਵੇਂ ਜਦੋਂ ਪਤੀ - ਪਤਨੀ ਇੱਕ - ਦੂਜੇ ਦੇ ਵਫਾਦਾਰ ਬਣਦੇ ਹਨ ਤਾਂ ਸੁਪਨੇ ਵਿਚ ਵੀ ਜੇਕਰ ਪਰ (ਦੂਸਰੇ) ਦੀ ਯਾਦ ਆ ਗਈ ਤਾਂ ਵਫਾਦਾਰ। ਨਹੀਂ ਕਿਹਾ ਜਾਂਦਾ। ਤਾਂ ਬ੍ਰਹਮਾ ਬਾਪ ਨੂੰ ਦੇਖਿਆ, ਸੰਕਲਪ ਵੀ ਦੂਜੇ ਦੇ ਵੱਲ ਨਹੀਂ। ਇੱਕ ਬਾਪ ਸਭ ਕੁਝ ਹੈ, ਇਸ ਨੂੰ ਕਿਹਾ ਜਾਂਦਾ ਹੈ ਵਫਾਦਾਰ। ਜੇਕਰ ਪਦਾਰਥ ਦੀ ਵੀ ਆਕਰਸ਼ਣ, ਸਾਧਨਾਂ ਦੀ ਵੀ ਆਕਰਸ਼ਣ ਹੈ ਤਾਂ ਸਾਧਨ ਖੰਡਿਤ ਹੋ ਜਾਂਦੀ ਹੈ, ਵਫਾਦਾਰੀ ਖੰਡਿਤ ਹੋ ਜਾਂਦੀ ਹੈ। ਅਤੇ ਖੰਡਿਤ ਕਦੇ ਵੀ ਸੰਪੰਨ, ਪੂਜੀਏ ਨਹੀਂ ਗਾਇਆ ਜਾਂਦਾ ਹੈ। ਤਾਂ ਚੈਕ ਕਰੋ ਕਿ ਸੰਕਲਪ ਵਿੱਚ ਵੀ ਕੋਈ ਆਕਰਸ਼ਣ ਬੇਵਫਾ ਤਾਂ ਨਹੀਂ ਬਣਾ ਦਿੰਦੀ? ਜੇਕਰ ਜ਼ਰਾ ਵੀ ਕਿਸੇ ਦੇ ਪ੍ਰਤੀ ਵਿਸ਼ੇਸ਼ ਝੁਕਾਵ ਹੈ, ਥੋੜ੍ਹਾ ਵੀ ਪਰਸਨਲ ਝੁਕਾਵ ਹੈ, ਭਾਵੇਂ ਗੁਣ ਦੇ ਉੱਪਰ, ਭਾਵੇਂ ਸੇਵਾ ਦੇ ਉੱਪਰ, ਭਾਵੇਂ ਚੰਗੇ ਸੰਸਕਾਰਾਂ ਦੇ ਉੱਪਰ ਵੀ ਜੇਕਰ ਐਕਸਟ੍ਰਾ ਪ੍ਰਭਾਵਿਤ ਹਨ ਤਾਂ ਵਫਾਦਾਰ ਨਹੀਂ ਕਿਹਾ ਜਾਵੇਗਾ। ਸਭ ਦੀ ਵਿਸ਼ੇਸ਼ਤਾ, ਬੇਹੱਦ ਦੀ ਵਿਸ਼ੇਸ਼ਤਾ ਤੇ ਆਕਰਸ਼ਿਤ ਹੈ, ਉਹ ਦੂਜੀ ਗੱਲ ਹੈ ਲੇਕਿਨ ਕਿਸੇ ਵਿਸ਼ੇਸ਼ ਵਿਅਕਤੀ ਜਾਂ ਵੈਭਵ ਦੇ ਉਪਰ ਆਕਰਸ਼ਿਤ ਹਨ ਤਾਂ

ਵਫਾਦਾਰ ਦੀ ਲਿਸਟ ਵਿਚ ਖੰਡਿਤ ਗਾਇਆ ਜਾਵੇਗਾ। ਤਾਂ ਚੈਕ ਕਰੋ ਕਿ ਖੰਡਿਤ ਮੂਰਤੀ ਤੇ ਨਹੀਂ ਹੋ? ਪੂਜੀਏ ਹੋ? ਕਿਧਰੇ ਐਕਸਟ੍ਰਾ ਲਗਾਵ ਜਾਂ ਝੁਕਾਵ ਤਾਂ ਨਹੀਂ ਹੈ? ਸੰਕਲਪ ਮਾਤਰ ਵੀ ਝੁਕਾਵ ਨਹੀਂ। ਵਾਚਾ - ਕਰਮਣਾ ਦੀ ਤਾਂ ਗੱਲ ਹੀ ਛੱਡੋ। ਲੇਕਿਨ ਸੰਕਲਪ ਮਾਤਰ ਵੀ ਹੈ ਤਾਂ ਖੰਡਿਤ ਦੇ ਲਿਸਟ ਵਿਚ ਆ ਜਾਵੋਗੇ। ਤਾਂ ਚੈਕ ਕਰਨਾ ਆਉਂਦਾ ਹੈ ਨਾ? ਅੱਛਾ।

ਚਾਰੋਂ ਪਾਸੇ ਦੇ ਅੰਸ਼ ਦਾ ਸਬੂਤ ਦੇਣ ਵਾਲੇ, ਹਰ ਫ਼ਰਮਾਨ ਨੂੰ ਸੰਕਲਪ, ਬੋਲ ਅਤੇ ਕਰਮ ਵਿੱਚ ਲਿਆਉਣ ਵਾਲੇ, ਸਦਾ ਖੁਦ ਨੂੰ ਬਾਪ ਅਮਨ ਸਿੰਪਲ ਅਤੇ ਸੈਂਪਲ ਬਨਾਉਣ ਵਾਲੇ, ਬ੍ਰਹਮਾ ਬਾਪ ਦੇ ਹਰ ਕਦਮ ਤੇ ਕਦਮ ਰੱਖਣ ਵਾਲੇ ਅਜਿਹੇ ਸ਼ਕਤੀਸ਼ਾਲੀ ਬਾਪ ਸਮਾਨ ਬਣਨ ਦੇ ਦ੍ਰਿੜ ਸੰਕਲਪ ਧਾਰੀ ਸਰਵ ਬੱਚਿਆਂ ਨੂੰ ਬਾਪਦਾਦਾ ਦਾ ਯਾਦ - ਪਿਆਰ ਅਤੇ ਨਮਸਤੇ।

ਵਰਦਾਨ:- ਸਾਖਸ਼ੀਪਨ ਦੀ ਸਥਿਤੀ ਦਵਾਰਾ ਹੀਰੋ ਪਾਰਟ ਵਜਾਉਣ ਵਾਲੇ ਸਹਿਜ ਪੁਰਸ਼ਾਰਥੀ ਭਵ।

ਸਾਖਸ਼ੀਪਨ ਦੀ ਸਥਿਤੀ ਡਰਾਮੇ ਦੇ ਅੰਦਰ ਹੀਰੋ ਪਾਰਟ ਵਜਾਉਣ ਵਿੱਚ ਸਹਿਯੋਗੀ ਬਣਦੀ ਹੈ। ਜੇਕਰ ਸਖ਼ਸ਼ੀਪਨ ਨਹੀਂ ਤਾਂ ਹੀਰੋ ਪਾਰਟ ਵਜਾ ਨਹੀਂ ਸਕਦੇ। ਸਾਖਸ਼ੀਪਨ ਮਤਲਬ ਦੇਹ ਤੋਂ ਨਿਆਰੇ, ਆਤਮਾ ਮਾਲਿਕਪਨ ਦੀ ਸਟੇਜ

ਤੇ ਸਥਿਤ ਰਹੇ। ਦੇਹ ਤੋਂ ਵੀ ਸਾਖਸ਼ੀ, ਮਾਲਿਕ। ਇਸਦੇ ਤੋਂ ਕਰਮ ਕਰਾਉਣ ਵਾਲੀ, ਅਜਿਹੀ ਸਾਖਸੀ ਸਥਿਤੀ ਹੀ ਸਹਿਜ ਪੁਰਸ਼ਾਰਥ ਦਾ ਅਨੁਭਵ ਕਰਾਉਂਦੀ ਹੈ ਕਿਉਂਕਿ ਇਸ ਸਥਿਤੀ ਵਿੱਚ ਕਿਸੇ ਵੀ ਤਰ੍ਹਾਂ ਦਾ ਵਿਘਨ ਜਾਂ ਮੁਸ਼ਕਿਲਾਤ ਨਹੀਂ ਆ ਸਕਦੀ, ਇਹ ਹੈ ਮੂਲ ਅਭਿਆਸ। ਇਸੇ ਅਭਿਆਸ ਨਾਲ ਲਾਸਟ ਵਿਚ ਵਿਜੇਈ ਬਣੋਗੇ।

ਸਲੋਗਨ:- ਫਰਿਸ਼ਤਾ ਬਣਨਾ ਹੈ ਤਾਂ ਆਪਣੇ ਸ੍ਵ ਰਿਸ਼ਤੇ ਇੱਕ ਪ੍ਰਭੂ ਦੇ ਨਾਲ ਜੋੜ ਲਵੋ।

******